ਨੰ: 10/38/2016-4ਵਿ.ਪ੍ਰ.2/143

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ ਚੰਡੀਗੜ੍ਹ-8-3-17

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ
ਸਮੂਹ ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲਾ ਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ।

ਵਿਸ਼ਾ: ਵਿੱਤ ਵਿਭਾਗ ਦੀ ਨੋਟੀਫਿਕੇਸਨ ਮਿਤੀ 19.05.1998 ਅਨੁਸਾਰ ਜੂਨੀਅਰ ਸਹਾਇਕਾ ਨੂੰ ਤਨਖਾਹ ਸਕੇਲ ਦੇਣ ਸਬੰਧੀ – ਸਪਸ਼ਟੀਕਰਨ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਜਾਰੀ ਅਧਿਸੂਚਨਾ ਨੰ: 7/1/97-FP1/7370 ਮਿਤੀ 19.5.1998 ਵਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਵਿਭਾਗਾਂ ਦੇ ਜੂਨੀਅਰ ਸਹਾਇਕਾਂ ਵਲੋਂ ਸਿਵਲ ਰਿਟ ਪਟੀਸਨ ਨੰ:22422 ਆਫ 2010 ਟਾਈਟਲਡ ਅਨਿਲ ਕੁਮਾਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿਚ ਮਾਨਯੋਗ ਕੋਰਟ ਦੇ ਫੈਸਲੇ ਮਿਤੀ 16.5.2012 ਦੇ ਅਧਾਰ ਤੇ ਮਿਤੀ 1.1.1996 ਤੋਂ 4400-7200 ਦੀ ਥਾਂ ਤੇ 5000-8100 ਦੇ ਪ੍ਰੋਟੈਕਟਿਡ ਤਨਖਾਹ ਸਕੇਲ ਦੀ ਮੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਬਹੁਤ ਸਾਰੇ ਕੋਰਟ ਕੇਸ ਵੀ ਕੀਤੇ ਜਾ ਰਹੇ ਹਨ ਜਿਸਦੇ ਸਨਮੁੱਖ ਵੱਖ ਵੱਖ ਵਿਭਾਗਾਂ ਵਲੋਂ ਮਿਸਲਾਂ ਵਿੱਤ ਵਿਭਾਗ ਨੂੰ ਭੇਜਦੇ ਹੋਏ ਅਗਵਾਈ/ਸਪਸ਼ਟੀਕਰਨ ਮੰਗਿਆ ਜਾ ਰਿਹਾ ਹੈ। ਇਨ੍ਹਾਂ ਨੂੰ ਵਿਚਾਰਨ ਉਪਰੰਤ ਮੈਨੂੰ ਹੇਠ ਅਨੁਸਾਰ ਸਪਸ਼ਟੀਕਰਨ ਦੇਣ ਦੀ ਹਦਾਇਤ ਹੋਈ ਹੈ:-

1. ਚੌਥੇ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਵਿੱਤ ਵਿਭਾਗ ਵਲੋਂ ਜਾਰੀ ਨੋਟੀਫਿਕੇਸਨ ਨੰ 7/1/97-FP1/314 ਮਿਤੀ 16.1.1998 ਰਾਹੀਂ ਜੂਨੀਅਰ ਸਹਾਇਕਾਂ ਦੇ ਅਣਸੋਧੇ ਤਨਖਾਹ ਸਕੇਲ 1500-2700 ਨੂੰ ਮਿਤੀ 1.1.1996 ਤੋਂ 5000-8100 ਵਿਚ ਰਿਵਾਇਜਡ ਕਰ ਦਿੱਤਾ ਗਿਆ ਸੀ। ਇਸ ਉਪਰੰਤ ਵਿੱਤ ਵਿਭਾਗ ਵਲੋਂ ਇਸ ਨੋਟੀਫਿਕੇਸਨ ਵਿਚ ਸੋਧ ਕਰਦੇ ਹੋਏ ਮਿਤੀ 19.5.1998 ਨੂੰ ਰੀਵਾਇਜਡ ਪੇ (ਪਹਿਲੀ ਸੋਧ) ਰੂਲ 1998 ਜਾਰੀ ਕੀਤੇ ਗਏ ਜਿਸ ਅਨੁਸਾਰ ਮਿਤੀ 1.1.1996 ਤੋਂ ਪਹਿਲਾ ਡੇਜੀਗਨੇਟਿਡ ਸੀਨੀਅਰ ਕਲਰਕ ਅਤੇ ਜੂਨੀਅਰ ਸਹਾਇਕ, ਜੋ ਅਣਸੋਧੇ ਤਨਖਾਹ ਸਕੇਲ ਵਿਚ ਸਨ, ਉਹਨਾ ਦੀ ਤਨਖਾਹ personal measure ਤੇ ਪ੍ਰੋਟੈਕਟ ਕਰ ਦਿੱਤੀ ਗਈ ਸੀ ਅਤੇ ਮਿਤੀ 1.1.1996 ਤੋਂ ਕਲਰਕ ਦੇ ਕਾਡਰ ਦੀਆਂ ਕੁਲ ਪੋਸਟਾਂ ਨੂੰ 50.50 ਦੀ ਰੇਸ਼ੋ ਵਿਚ ਵੰਡਦੇ ਹੋਏ ਕਲਰਕ ਨੂੰ 3120-5160 ਅਤੇ ਜੂਨੀਅਰ ਸਹਾਇਕ ਨੂੰ 4400-7000 ਦਾ ਸਕੇਲ ਦਿੱਤਾ ਗਿਆ ਸੀ ਅਤੇ ਤੀਜੇ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਕਲਰਕਾਂ ਦੀਆਂ ਕੁਲ ਪੋਸਟਾਂ ਨੂੰ ਮਿਤੀ 1.1.1996 ਤੋਂ ਪਹਿਲਾਂ 20:40:40 ਦੀ ਰੇਸ਼ੋ ਵਿਚ ਵੰਡਦੇ ਹੋਏ ਜਿਨ੍ਹਾਂ ਕਲਰਕਾਂ ਨੂੰ ਜੂਨੀਅਰ ਸਹਾਇਕ ਡੇਜੀਗਨੇਟ ਕੀਤਾ ਹੋਇਆ ਸੀ, ਉਨ੍ਹਾਂ ਨੂੰ ਹੀ 5000-8100 ਦਾ ਤਨਖਾਹ ਸਕੇਲ ਦਿੱਤਾ ਗਿਆ ਸੀ।

2. ਚੌਥੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਮਿਤੀ 1.1.1996 ਜਾਂ ਇਸ ਤੋਂ ਬਾਅਦ 50:50 ਦੀ ਰੇਸ਼ੋ ਨਾਲ ਬਣਾਏ ਗਏ ਜੂਨੀਅਰ ਸਹਾਇਕਾਂ ਨੂੰ 4400-7000 ਦਾ ਹੀ ਤਨਖਾਹ ਸਕੇਲ ਦਿੱਤਾ ਗਿਆ ਹੈ।

3. ਭਾਵੇਂ ਕਿ ਮਾਨਯੋਗ ਅਦਾਲਤ ਵਲੋਂ ਸਿਵਲ ਰਿਟ ਪਟੀਸ਼ਨ 22442 ਆਫ 2010 ਅਨਿਲ ਕੁਮਾਰ ਅਤੇ ਹੋਰ ਵਿਚ ਮਿਤੀ 16.5.2012 ਨੂੰ ਕੀਤੇ ਹੁਕਮਾ ਅਨੁਸਾਰ ਉਸ ਕੇਸ ਦੇ ਪਟੀਸਨਰਾਂ ਨੂੰ ਮਿਤੀ 1-1-1996 ਤੋਂ

5000-8100 ਦਾ ਤਨਖਾਹ ਸਕੇਲ ਦਿੱਤਾ ਗਿਆ ਹੈ ਪਰੰਤੂ ਸਰਕਾਰ ਵਲੋਂ ਇਸ ਕੇਸ ਵਿਚ ਦਾਇਰ ਕੀਤੀ ਐਸ.ਐਲ.ਪੀ ਨੰ: 1110 ਆਫ 2015 ਨੂੰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਆਪਣੇ ਹੁਕਮ ਮਿਤੀ 07.01.2015 ਰਾਹੀਂ ਡਿਸਮਿਸ ਕਰਦੇ ਹੋਏ Question of Law open ਰਖਿਆ ਗਿਆ ਸੀ।

4. ਇਥੇ ਇਹ ਵੀ ਦੱਸਣ ਯੋਗ ਹੈ 1998 ਦੀ ਨੋਟੀਫਿਕੇਸ਼ਨ ਦੇ ਅਧਾਰ ਤੇ ਇਨ੍ਹੇ ਲੰਮੇ ਸਮੇਂ ਬਾਅਦ ਵੱਖ ਵੱਖ ਵਿਭਾਗਾਂ ਦੇ ਜੂਨੀਅਰ ਸਹਾਇਕਾਂ ਵਲੋਂ ਉਕਤ ਫੈਸਲੇ ਦੇ ਹਵਾਲੇ ਵਿਚ ਮੰਗੇ ਜਾ ਰਹੇ ਇਸ ਲਾਭ ਨੂੰ ਮਾਨਯੋਗ ਸੁਪਰੀਮ ਕੋਰਟ ਵਲੋਂ Civil Appeal No. 1941 of 2014 (Arising out of S.L.P. (C) No. 15530 of 2013) Chennai Metropolitan Water Supply and Sewerage Board and others Versus T.T. Murali Babu ਵਿਚ ਕੀਤੇ ਹੁਕਮਾਂ ਅਨੁਸਾਰ Delay and Laches ਦੇ ਅਧਾਰ ਤੇ ਵੀ ਰੱਦ ਕੀਤਾ ਜਾਣਾ ਬਣਦਾ ਹੈ।

5. ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਵਿਭਾਗਾਂ ਵਿਚ ਅਜਿਹੇ ਕੇਸਾਂ ਨੂੰ ਉਪਰੋਕਤ ਅਨੁਸਾਰ ਘੋਖਦੇ ਹੋਏ ਫੈਸਲਾ ਲਿਆ ਜਾਵੇ ਅਤੇ ਕੋਰਟ ਕੇਸਾਂ ਵਿਚ ਇਸ ਅਧਾਰ ਤੇ ਲੋੜੀਂਦਾ ਜਵਾਬਦਾਵਾ ਦਾਇਰ ਕੀਤਾ ਜਾਵੇ ਅਤੇ ਲੋੜੀਂਦੇ ਸਪੀਕਿੰਗ ਆਰਡਰ ਜਾਰੀ ਕੀਤੇ ਜਾਣ।

ਵਿਸ਼ਵਾਸਪਾਤਰ,

(signature)

ਅਧੀਨ ਸਕੱਤਰ ਵਿੱਤ (ਸ)

ਇਸ ਦਾ ਇਕ ਉਤਾਰਾ ਮੁੱਖ ਸਕੱਤਰ, ਪੰਜਾਬ ਸਰਕਾਰ, ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(signature)

ਅਧੀਨ ਸਕੱਤਰ ਵਿੱਤ (ਸ)

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ,

2) ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 10/38/2016-4ਵਿ.ਪ੍ਰ.2/ 44 — ਮਿਤੀ, ਚੰਡੀਗੜ੍ਹ: 8-3-17

ਪਿ.ਅੰ.ਨੰ: 10/38/2016-4ਵਿ.ਪ੍ਰ.2/ 45 — ਮਿਤੀ, ਚੰਡੀਗੜ੍ਹ: 8-3-17

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਮਹਾਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;

2) ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਰੇਣੂ ਧਾਲਾ

ਸੁਪਰਡੰਟ

ਪਿ.ਅੰ.ਨੰ: 10/38/2016-4ਵਿ.ਪ੍ਰ.2/ 46 — ਮਿਤੀ, ਚੰਡੀਗੜ੍ਹ: 8-3-17

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਰੇਣੂ ਧਾਲਾ

ਸੁਪਰਡੰਟ